ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ,
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਸ-8, ਐਸ.ਏ.ਐਸ. ਨਗਰ।
(ਅਮਲਾ-2 ਸ਼ਾਖਾ)
E-mail ID: dpiee.establishment2@punjabeducation.gov.in

ਸੇਵਾ ਵਿਖੇ

ਪੰਜਾਬ ਰਾਜ ਦੇ
ਸਮੂਹ ਜਿਲਾ ਸਿੱਖਿਆ ਅਫਸਰ (ਐਸਿ)। (ਈ-ਮੇਲ ਰਾਹੀਂ)

ਮਿਤੀ, ਐਸ.ਏ.ਐਸ. ਨਗਰ : 05/12/2025

ਵਿਸ਼ਾ : ਪੇ ਅਨਾਮਲੀ ਦੂਰ ਕਰਨ ਸਬੰਧੀ।

ਸਿੱਖਿਆ ਵਿਭਾਗ ਦੀਆਂ ਵੱਖ-ਵੱਖ ਅਧਿਆਪਕ ਯੂਨੀਅਨ ਨਾਲ ਹੋਣ ਵਾਲੀਆਂ ਮੀਟਿੰਗਾਂ ਵਿਚ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਇਸ ਦਫਤਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਕੁੱਝ ਜਿਲਿਆਂ ਵਿਚ ਅਧਿਆਪਕਾਂ ਦੇ ਪੇ-ਅਨਾਮਲੀ ਦੇ ਕੇਸ ਹੁਣ ਤੱਕ ਵੀ ਪੈਂਡਿੰਗ ਹਨ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਆਪ ਦੇ ਜਿਲੇ ਵਿਚ ਈ.ਟੀ.ਟੀ. ਕਾਡਰ ਦੇ ਕਿਸੇ ਅਧਿਆਪਕ ਦਾ ਪੇ-ਅਨਾਮਲੀ (ਜੂਨੀਅਰ/ਸੀਨੀਅਰ) ਦਾ ਕੇਸ ਪੈਂਡਿੰਗ ਹੈ ਤਾਂ ਰਿਕਾਰਡ ਅਤੇ ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਤੁਰੰਤ ਕਾਰਵਾਈ ਕਰਕੇ ਇਨ੍ਹਾਂ ਕੇਸਾਂ ਦਾ ਨਿਪਟਾਰਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਇਨ੍ਹਾਂ ਕੇਸਾਂ ਦੇ ਨਿਪਟਾਰੇ ਲਈ ਇਸ ਦਫਤਰ ਜਾਂ ਸਰਕਾਰ ਤੋਂ ਕਿਸੇ ਕਿਸਮ ਦੀ ਪ੍ਰਵਾਨਗੀ/ਅਗਵਾਈ ਦੀ ਲੋੜ ਹੋਵੇ ਤਾਂ ਰਿਕਾਰਡ ਦੇ ਅਧਾਰ ਤੇ ਸਵੈ-ਸਪਸ਼ੱਟ ਤਜਵੀਜ ਤਿਆਰ ਕਰਕੇ ਆਪਣੀ ਟਿੱਪਣੀ ਸਹਿਤ ਸਬੰਧਤ ਦਸਤਾਵੇਜ ਨੱਥੀ ਕਰਦੇ ਹੋਏ ਕੇਸ ਤੁਰੰਤ ਇਸ ਦਫਤਰ ਨੂੰ ਭੇਜੇ ਜਾਣ।

ਕਿਸੇ ਕਿਸਮ ਦੀ ਦੇਰੀ/ਅਣਗਹਿਲੀ ਨਾ ਕੀਤੀ ਜਾਵੇ।

ਸੁਪਰਡੰਟ ਅਮਲਾ-2